**Panama disease tropical race 4**

# ਪਨਾਮਾ TR4 ਤੋਂ ਆਪਣੇ ਫਾਰਮ ਦੀ ਸੁਰੱਖਿਆ ਕਰੋ



ਫਿਲੀਪੀਨਜ਼ ਵਿੱਚ ਪਨਾਮਾ TR4 ਨਾਲ ਪ੍ਰਭਾਵਿਤ ਕੇਲੇ ਦਾ ਫਾਰਮ।

ਫ਼ੋਟੋ ਲਈ ਟੀ. ਪੈਟੀਸਨ, ਖੇਤੀਬਾੜੀ ਅਤੇ ਮੱਛੀ ਪਾਲਣ ਵਿਭਾਗ ਦਾ ਧੰਨਵਾਦ।

### ਪਨਾਮਾ TR4 ਨੇ ਦੁਨੀਆ ਭਰ ਵਿੱਚ ਕੇਲੇ ਉਗਾਉਣ ਵਾਲੇ ਖੇਤਰਾਂ ਨੂੰ ਤਬਾਹ ਕਰ ਦਿੱਤਾ ਹੈ

ਪਨਾਮਾ ਰੋਗ ਟ੍ਰੋਪਿਕਲ ਰੇਸ 4 (ਪਨਾਮਾ TR4) ਇੱਕ ਉੱਲੀ ਹੈ ਜੋ ਮਿੱਟੀ ਵਿੱਚ ਰਹਿੰਦੀ ਹੈ ਅਤੇ ਕੇਲੇ ਦੇ ਪੌਦਿਆਂ ਨੂੰ ਮਾਰ ਦਿੰਦੀ ਹੈ। ਇਸ ਬਿਮਾਰੀ ਨੇ ਦੁਨੀਆ ਭਰ ਦੇ ਕੇਲੇ ਉਗਾਉਣ ਵਾਲੇ ਖੇਤਰਾਂ ਨੂੰ ਤਬਾਹ ਕਰ ਦਿੱਤਾ ਹੈ। ਆਸਟ੍ਰੇਲੀਆ ਵਿੱਚ, ਇਸਨੇ 1997 ਵਿੱਚ ਪਹਿਲੀ ਵਾਰ ਖੋਜੇ ਜਾਣ ਤੋਂ ਬਾਅਦ ਨੋਰਥਰਨ ਟੈਰੀਟਰੀ ਦੇ ਕੇਲੇ ਉਦਯੋਗ ਨੂੰ ਤਬਾਹ ਕਰ ਦਿੱਤਾ ਹੈ। ਇਹ ਹੁਣ ਦੂਰਲੇ ਨੋਰਥ ਕੁਈਨਜ਼ਲੈਂਡ ਵਿੱਚ ਹੈ ਅਤੇ ਸਾਡੇ ਕੇਲੇ ਉਦਯੋਗ ਨੂੰ ਬਚਾਉਣ ਲਈ ਹਰ ਕਿਸੇ ਨੂੰ ਇਸ ਲੜਾਈ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

## ਪਨਾਮਾ TR4 ਤੋਂ ਆਪਣੇ ਕਾਰੋਬਾਰ ਅਤੇ ਪਰਿਵਾਰ ਦੀ ਸੁਰੱਖਿਆ ਕਰੋ



ਪਨਾਮਾ TR4 ਲੋਕਾਂ, ਮਸ਼ੀਨਰੀ ਅਤੇ ਜਾਨਵਰਾਂ 'ਤੇ ਲੱਗੀ ਉੱਲੀ ਗ੍ਰਸਤ ਪੌਦੇ ਲਗਾਉਣ ਵਾਲੀ ਸਮੱਗਰੀ ਅਤੇ ਦੂਸ਼ਿਤ ਮਿੱਟੀ ਦੀ ਹਲਚਲ ਦੁਆਰਾ ਆਸਾਨੀ ਨਾਲ ਫ਼ੈਲਦਾ ਹੈ। ਹਾਲਾਂਕਿ ਇਹ ਫ਼ਲਾਂ ਨੂੰ ਪ੍ਰਭਾਵਿਤ ਨਹੀਂ ਕਰਦੀ ਅਤੇ ਮਨੁੱਖਾਂ ਲਈ ਨੁਕਸਾਨਦੇਹ ਨਹੀਂ ਹੈ, ਪਰ ਪਨਾਮਾ TR4 ਦਾ ਰੋਜ਼ੀ-ਰੋਟੀ ਕਮਾਉਣ ਅਤੇ ਭਾਈਚਾਰਿਆਂ 'ਤੇ ਵਿਨਾਸ਼ਕਾਰੀ ਪ੍ਰਭਾਵ ਹੋ ਸਕਦਾ ਹੈ।

ਜਲਦੀ ਪਤਾ ਲਗਾਉਣਾ, ਉੱਲੀ ਗ੍ਰਸਤ ਪੌਦਿਆਂ ਨੂੰ ਤੇਜ਼ੀ ਨਾਲ ਨਸ਼ਟ ਕਰਨਾ ਅਤੇ ਉਨ੍ਹਾਂ ਖੇਤਾਂ 'ਤੇ ਪਾਬੰਦੀਆਂ ਹੀ ਇਸ ਬਿਮਾਰੀ ਨੂੰ ਕੰਟਰੋਲ ਕਰਨ ਅਤੇ ਇਸ ਨੂੰ ਰੋਕਣ ਦਾ ਇੱਕੋ-ਇੱਕ ਤਰੀਕਾ ਹਨ। ਜੇਕਰ ਤੁਹਾਡੇ ਫਾਰਮ 'ਤੇ ਪਨਾਮਾ TR4 ਹੋਣ ਦਾ ਪਤਾ ਲੱਗਦਾ ਹੈ, ਤਾਂ ਰੈਗੂਲੇਟਰੀ ਪਾਬੰਦੀਆਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਕੋਈ ਵੀ ਫ਼ਲ ਤੁਹਾਡੇ ਫਾਰਮ 'ਤੇ ਮੌਜੂਦ ਬਾਇਓਸਕਿਊਰਿਟੀ ਸ਼ਰਤਾਂ ਦੇ ਲਾਗੂ ਹੋਣ ਤੋਂ ਬਗ਼ੈਰ ਨਹੀਂ ਲਿਆ ਜਾ ਸਕਦਾ ਹੈ।

*The Panama TR4 Program is a joint initiative between the Queensland Government and the Australian Banana Growers' Council.*

Australian Banana Growers

Queensland Government

## ਫਾਰਮ 'ਤੇ ਬਾਇਓਸਕਿਊਰਿਟੀ ਲਾਗੂ ਕਰਨਾ ਤੁਹਾਡੇ ਫਾਰਮ ਨੂੰ ਪਨਾਮਾ TR4 ਤੋਂ ਬਚਾਉਣ ਦੇ ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਹੈ

ਸਾਰੇ ਉਤਪਾਦਕਾਂ ਨੂੰ ਆਪਣੇ ਖੇਤ ਦੇ ਫਰੰਟ ਗੇਟ 'ਤੇ ਹੀ ਆਪਣੇ ਖੇਤ ਦੀ ਸੁਰੱਖਿਆ ਕਰਨੀ ਚਾਹੀਦੀ ਹੈ। ਇੱਥੇ ਅਜਿਹਾ ਕਰਨ ਦੇ ਕੁੱਝ ਤਰੀਕੇ ਦਿੱਤੇ ਗਏ ਹਨ।

### ਉਹਨਾਂ ਲੋਕਾਂ ਨੂੰ ਆਪਣੇ ਫਾਰਮ ਵਿੱਚ ਆਉਣ ਤੋਂ ਰੋਕੋ ਜਿਨ੍ਹਾਂ ਨੂੰ ਦਾਖ਼ਲ ਹੋਣ ਦੀ ਲੋੜ ਨਹੀਂ ਹੈ



ਬਾਇਓਸਕਿਊਰਿਟੀ ਵਾਲੇ ਫਾਰਮ ਦਾ ਗੇਟ ਚਿੰਨ੍ਹ

ਤੁਹਾਡੇ ਫਾਰਮ 'ਤੇ ਜਿੰਨੇ ਜ਼ਿਆਦਾ ਵਾਹਨ ਅਤੇ ਲੋਕ ਆਉਂਦੇ ਹਨ, ਪਨਾਮਾ TR4 ਦੇ ਵੀ ਤੁਹਾਡੇ ਫਾਰਮ 'ਤੇ ਦਾਖਲ ਹੋਣ ਦੀ ਉਨੀ ਹੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

**ਲੋਕਾਂ ਨੂੰ ਤੁਹਾਡੇ ਫਾਰਮ 'ਤੇ ਆਉਣ ਤੋਂ ਰੋਕਣ ਲਈ ਆਪਣੇ ਡਰਾਈਵ-ਵੇਅ ਦੇ ਪ੍ਰਵੇਸ਼ ਦੁਆਰ 'ਤੇ ਇੱਕ ਗੇਟ ਲਗਾਓ।** ਜੇ ਤੁਸੀਂ ਗੇਟ ਨਹੀਂ ਲਗਾ ਸਕਦੇ ਹੋ, ਤਾਂ ਰੁਕਾਵਟ ਬਣਾਉਣ ਲਈ ਰੱਸੀ ਅਤੇ ਪਿਕੇਟਾਂ ਦੀ ਵਰਤੋਂ ਕਰੋ।

**ਕੋਈ ਚਿੰਨ੍ਹ ਲਗਾਓ ਤਾਂ ਜੋ ਲੋਕ ਜਾਣ ਸਕਣ ਕਿ ਉਹ ਤੁਹਾਡੀ ਆਗਿਆ ਤੋਂ ਬਗ਼ੈਰ ਦਾਖਲ ਨਹੀਂ ਹੋ ਸਕਦੇ ਹਨ।** ਯਕੀਨੀ ਬਣਾਓ ਕਿ ਤੁਹਾਡਾ ਫ਼ੋਨ ਨੰਬਰ ਉਹਨਾਂ ਦੇ ਆਉਣ 'ਤੇ ਫ਼ੋਨ ਕਰਨ ਲਈ ਚਿੰਨ੍ਹ 'ਤੇ ਲਿਖਿਆ ਹੋਇਆ ਹੈ।

**ਆਪਣੇ ਫਾਰਮ ਦੇ ਅਗਲੇ ਪ੍ਰਵੇਸ਼ ਦੁਆਰ 'ਤੇ ਆਉਣ ਵਾਲੇ ਲੋਕਾਂ ਦੇ ਵਾਹਨ ਪਾਰਕ ਕਰਨ ਲਈ ਥਾਂ ਸਾਫ਼ ਕਰੋ।** 'ਇੱਥੇ ਪਾਰਕ ਕਰੋ' ਲਿਖਿਆ ਹੋਇਆ ਇੱਕ ਚਿੰਨ੍ਹ ਲਗਾਉਣਾ ਵੀ ਮੱਦਦ ਕਰੇਗਾ।


### ਕਾਮਿਆਂ ਅਤੇ ਆਉਣ ਵਾਲੇ ਲੋਕਾਂ ਵੱਲੋਂ ਪਾਲਣਾ ਕੀਤੇ ਜਾਣ ਲਈ ਫਾਰਮ ਨਿਯਮ ਤੈਅ ਕਰੋ

ਫਾਰਮ 'ਤੇ ਚੰਗੀ ਬਾਇਓਸਕਿਊਰਿਟੀ, ਨਿਯਮਾਂ ਨਾਲ ਸ਼ੁਰੂ ਹੁੰਦੀ ਹੈ ਤਾਂ ਜੋ ਹਰ ਕਿਸੇ ਨੂੰ ਇਸ ਬਾਰੇ ਸਪੱਸ਼ਟ ਪਤਾ ਹੋਵੇ ਕਿ ਉਹ ਤੁਹਾਡੇ ਫਾਰਮ ਨੂੰ ਕੀੜਿਆਂ ਅਤੇ ਬਿਮਾਰੀਆਂ ਤੋਂ ਬਚਾਉਣ ਵਿੱਚ ਤੁਹਾਡੀ ਮੱਦਦ ਕਿਵੇਂ ਕਰ ਸਕਦੇ ਹਨ।

**ਆਉਣ ਵਾਲਿਆਂ ਨੂੰ ਅਗਾਊਂ ਫ਼ੋਨ ਕਰਨ ਲਈ ਕਹੋ** ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਉਹ ਕਦੋਂ ਆ ਰਹੇ ਹਨ।

**ਇੱਕ ਸਾਈਨ-ਇਨ ਰਜਿਸਟਰ ਰੱਖੋ** ਤਾਂ ਜੋ ਤੁਹਾਨੂੰ ਪਤਾ ਲੱਗੇ ਕਿ ਤੁਹਾਡੇ ਫਾਰਮ ਵਿੱਚ ਕੌਣ ਆਇਆ ਹੈ, ਉਹ ਕਦੋਂ ਅਤੇ ਕਿਉਂ ਆਇਆ ਹੈ।

ਆਉਣ ਵਾਲੇ ਲੋਕਾਂ ਨੂੰ ਮੁੱਖ ਸੜਕ ਜਾਂ ਡਰਾਈਵ-ਵੇਅ 'ਤੇ ਹੀ ਰਹਿਣ ਅਤੇ **ਕੇਲੇ ਦੇ ਪੌਦਿਆਂ ਤੋਂ ਦੂਰ ਰਹਿਣ ਲਈ ਕਹੋ।**


ਗੱਡੀ ਕਾਰ ਵਾਪਸ ਭੇਜਦਾ ਹੋਇਆ ਕੇਲਾ ਕਿਸਾਨ

ਸਾਰੇ ਆਉਣ ਵਾਲੇ ਲੋਕ ਅਤੇ ਉਨ੍ਹਾਂ ਦੇ ਵਾਹਨਾਂ ਨੂੰ **ਸਾਫ਼-ਸੁਥਰਾ ਆਉਣਾ ਅਤੇ ਸਾਫ਼-ਸੁਥਰਾ ਹੀ ਵਾਪਸ ਜਾਣਾ ਚਾਹੀਦਾ ਹੈ।**

ਸਾਰੀ **ਖੇਤੀ ਮਸ਼ੀਨਰੀ ਅਤੇ ਵਾਹਨਾਂ ਨੂੰ** ਪਹਿਲਾਂ ਧੋਤੇ ਅਤੇ ਰੋਗਾਣੂ-ਮੁਕਤ ਕੀਤੇ ਬਗ਼ੈਰ ਕਦੇ ਵੀ **ਤੁਹਾਡੇ ਫਾਰਮ ਵਿੱਚ ਦਾਖਲ ਜਾਂ ਬਾਹਰ ਨਹੀਂ ਜਾਣਾ ਚਾਹੀਦਾ ਹੈ।**

## ਸਾਫ਼ ਆਓ, ਸਾਫ਼ ਜਾਓ - ਇਸਦਾ ਕੀ ਮਤਲਬ ਹੈ?



ਲਿੱਬੜੇ ਕਾਮੇ ਨੂੰ ਵਾਪਸ ਭੇਜਦਾ ਹੋਇਆ ਕੇਲਾ ਕਿਸਾਨ

ਪਨਾਮਾ TR4 ਤੁਹਾਡੇ ਖੇਤ ਵਿੱਚ ਉਸ ਮਿੱਟੀ ਵਿੱਚ ਜਾ ਸਕਦੀ ਹੈ ਜੋ ਵਾਹਨਾਂ, ਕੱਪੜਿਆਂ ਅਤੇ ਜੁੱਤੀਆਂ 'ਤੇ ਲੱਗੀ ਹੋ ਸਕਦੀ ਹੈ।

'ਸਾਫ਼ ਆਓ' ਦਾ ਮਤਲਬ ਹੈ ਕਿ ਤੁਹਾਡੇ ਫਾਰਮ ਵਿੱਚ ਦਾਖਲ ਹੋਣ ਤੋਂ ਪਹਿਲਾਂ ਵਾਹਨਾਂ ਨੂੰ ਧੋਤਾ ਜਾਣਾ ਚਾਹੀਦਾ ਹੈ। ਲੋਕਾਂ ਨੂੰ ਵੀ ਸਾਫ਼ ਸੁਥਰਾ ਹੋਣਾ ਚਾਹੀਦਾ ਹੈ ਅਤੇ ਕੱਪੜਿਆਂ ਅਤੇ ਜੁੱਤੀਆਂ 'ਤੇ ਕੋਈ ਮਿੱਟੀ ਲੱਗੀ ਦਿਖਾਈ ਨਹੀਂ ਦੇਣੀ ਚਾਹੀਦੀ ਹੈ। ਜੋ ਵੀ ਤੁਹਾਡੇ ਖੇਤ ਵਿੱਚ ਮਿੱਟੀ ਲੱਗੇ ਹੋਏ ਪਹੁੰਚਦਾ ਹੈ, ਉਸਨੂੰ ਵਾਪਸ ਭੇਜ ਦਿੱਤਾ ਜਾਣਾ ਚਾਹੀਦਾ ਹੈ। ਇਸ ਵਿੱਚ ਹਰ ਉਹ ਕਰਮਚਾਰੀ ਸ਼ਾਮਲ ਹੈ ਜੋ ਗੰਦੇ ਕੱਪੜਿਆਂ ਵਿੱਚ ਆਉਂਦਾ ਹੈ।

ਪਨਾਮਾ TR4 ਤੋਂ ਆਪਣੇ ਗੁਆਂਢੀਆਂ ਦੀ ਸੁਰੱਖਿਆ ਕਰਨਾ ਵੀ ਮਹੱਤਵਪੂਰਨ ਹੈ ਇਸ ਲਈ ਤੁਹਾਨੂੰ ਹਰ ਕਿਸੇ ਨੂੰ ਆਪਣੇ ਫਾਰਮ ਤੋਂ 'ਸਾਫ਼ ਜਾਣ' ਲਈ ਕਹਿਣਾ ਚਾਹੀਦਾ ਹੈ।

**ਇੱਥੇ ਤੁਹਾਡੇ ਫਾਰਮ ਦਾ ਦੌਰਾ ਕਰਨ ਵੇਲੇ ਲੋਕਾਂ ਨੂੰ ਸਾਫ਼-ਸੁਥਰਾ ਆਉਣ ਅਤੇ ਸਾਫ਼-ਸੁਥਰਾ ਜਾਣ ਵਿੱਚ ਮੱਦਦ ਕਰਨ ਲਈ ਕੁੱਝ ਤਰੀਕੇ ਹਨ।**

### ਫਾਰਮ ਵਾਹਨ ਅਤੇ ਮਸ਼ੀਨਰੀ ਨੂੰ ਧੋਵੋ

ਧੋਣ ਲਈ ਬਣਿਆ ਖੇਤਰ ਤੁਹਾਡੇ ਫਾਰਮ ਦੇ ਪ੍ਰਵੇਸ਼ ਅਤੇ ਨਿਕਾਸ ਸਥਾਨ 'ਤੇ ਸਥਿਤ ਹੋਣਾ ਚਾਹੀਦਾ ਹੈ। ਇੱਥੇ ਸਾਰੇ ਗੰਦੇ ਵਾਹਨਾਂ ਅਤੇ ਮਸ਼ੀਨਰੀ ਨੂੰ ਸਾਫ਼ ਕੀਤਾ ਜਾ ਸਕਦਾ ਹੈ।

ਧੋਣ ਲਈ ਖੇਤਰ ਬਣਾਉਂਦੇ ਸਮੇਂ, ਇਹ ਯਕੀਨੀ ਬਣਾਓ ਕਿ ਇਹ ਅਜਿਹੇ ਖੇਤਰ ਵਿੱਚ ਨਹੀਂ ਹੈ ਜਿੱਥੇ ਪਾਣੀ ਖੜ੍ਹੇਗਾ। ਇਹ ਤੁਹਾਡੇ ਕੇਲੇ ਦੇ ਪੌਦਿਆਂ ਤੋਂ ਦੂਰ ਹੋਣਾ ਚਾਹੀਦਾ ਹੈ ਤਾਂ ਜੋ ਸਾਰਾ ਗੰਦਾ ਪਾਣੀ ਤੁਹਾਡੇ ਪੌਦਿਆਂ ਤੋਂ ਦੂਰ ਨਿਕਾਸ ਹੋ ਜਾਵੇ। ਗੰਦਾ ਪਾਣੀ ਤੁਹਾਡੇ ਖੇਤ ਵਿੱਚ ਹੀ ਰਹਿਣਾ ਚਾਹੀਦਾ ਹੈ ਅਤੇ ਸਿੱਧਾ ਹੀ ਜਨਤਕ ਡਰੇਨ ਵਿੱਚ ਨਹੀਂ ਜਾਣਾ ਚਾਹੀਦਾ ਹੈ।



ਧੋਣ ਲਈ ਬਣਿਆ ਖੇਤਰ

ਵਾਹਨ ਨੂੰ ਚੰਗੀ ਤਰ੍ਹਾਂ ਧੋਣ ਲਈ, ਇਸਨੂੰ ਉੱਪਰ ਤੋਂ ਹੇਠਾਂ ਤੱਕ ਡਿਟਰਜੈਂਟ ਨਾਲ ਸਾਫ਼ ਕਰਨਾ ਚਾਹੀਦਾ ਹੈ। ਸਾਫ਼ ਪਾਣੀ ਨਾਲ ਧੋਵੋ ਫਿਰ ਕੀਟਾਣੂਨਾਸ਼ਕ ਦਾ ਛਿੜਕਾਅ ਕਰੋ ਜੋ ਪਨਾਮਾ TR4 ਪ੍ਰਤੀ ਵਰਤੋਂ ਕਰਨ ਲਈ ਮਨਜ਼ੂਰ ਹੈ। ਹਰੇਕ ਧੋਅ ਨੂੰ ਇੱਕ ਕਾਗਜ਼ 'ਤੇ ਲਿਖੋ ਅਤੇ ਇਸਨੂੰ ਵਾਹਨ ਦੇ ਅੰਦਰ ਰੱਖੋ।

### ਆਉਣ ਵਾਲੇ ਵਾਹਨਾਂ ਲਈ ਸਪਰੇਅ ਸ਼ਟਲ

ਆਉਣ ਵਾਲੇ ਸਾਰੇ ਵਾਹਨਾਂ ਅਤੇ ਟਰੱਕਾਂ ਨੂੰ ਤੁਹਾਡੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਸਾਫ਼-ਸੁਥਰੇ ਆਉਣੇ ਚਾਹੀਦੇ ਹਨ। ਉਨ੍ਹਾਂ ਨੂੰ ਉਦਯੋਗ ਲਈ ਸੁਰੱਖਿਆ ਦੀ ਇੱਕ ਵਾਧੂ ਪਰਤ ਵਜੋਂ ਤੁਹਾਡੇ ਖੇਤ ਤੋਂ ਵੀ ਸਾਫ਼-ਸੁਥਰੇ ਜਾਣਾ ਚਾਹੀਦਾ ਹੈ।



ਵਾਹਨਾਂ ਨੂੰ ਰੋਗਾਣੂ ਮੁਕਤ ਕਰਨ ਲਈ ਸਪਰੇਅ

ਤੁਹਾਡੇ ਫਾਰਮ ਦੇ ਪ੍ਰਵੇਸ਼ ਦੁਆਰ 'ਤੇ ਲੱਗੇ ਸਪਰੇਅ ਸ਼ਟਲ (ਤਸਵੀਰ ਵਿੱਚ ਦਿਖਾਇਆ ਗਿਆ ਹੈ) ਦਾ ਮਤਲਬ ਹੈ ਕਿ ਤੁਹਾਡੇ ਫਾਰਮ 'ਤੇ ਆਉਣ ਜਾਂ ਵਾਪਸ ਜਾਣ ਤੋਂ ਪਹਿਲਾਂ ਸਾਰੇ ਵਾਹਨਾਂ ਨੂੰ ਰੋਗਾਣੂ ਮੁਕਤ ਕੀਤਾ ਜਾ ਸਕਦਾ ਹੈ। ਇਹ ਸਿਰਫ ਉਨ੍ਹਾਂ ਵਾਹਨਾਂ 'ਤੇ ਪ੍ਰਭਾਵੀ ਹੋਵੇਗਾ ਜੋ ਮਿੱਟੀ ਨਾਲ ਢੱਕੇ ਹੋਏ ਨਹੀਂ ਹਨ।

ਇਸ ਲਈ ਇਹ ਮਹੱਤਵਪੂਰਨ ਹੈ ਕਿ ਉਹ ਤੁਹਾਡੇ ਨਿਯਮਾਂ ਦੀ ਪਾਲਣਾ ਕਰਨ ਅਤੇ ਸਾਫ਼-ਸੁਥਰੇ ਆਉਣ।

## ਜੁੱਤੀਆਂ ਲਈ ਫੁੱਟਬਾਥ

ਆਪਣੇ ਫਾਰਮ ਤੱਕ ਪਹੁੰਚ ਦਾ ਪ੍ਰਬੰਧਨ ਕਰਨ ਲਈ, ਹਰੇਕ ਖੇਤਰ ਵਿੱਚ ਇੱਕ ਪ੍ਰਵੇਸ਼ ਅਤੇ ਨਿਕਾਸ ਸਥਾਨ ਰੱਖੋ ਜਿਵੇਂ ਕਿ ਸਾਹਮਣੇ ਵਾਲਾ ਗੇਟ, ਪੈਕਿੰਗ ਸ਼ੈੱਡ ਅਤੇ ਪੈਡੌਕਸ। ਹਰੇਕ ਪ੍ਰਵੇਸ਼ ਅਤੇ ਨਿਕਾਸ ਸਥਾਨ 'ਤੇ ਫੁੱਟਬਾਥ (ਪੈਰ ਧੋਣ ਲਈ ਟੱਬ) ਲਗਾਓ ਜਿਸ ਵਿੱਚੋਂ ਸਾਰੇ ਸੈਲਾਨੀਆਂ ਦਾ ਲੰਘਣਾ ਲਾਜ਼ਮੀ ਹੈ।

ਇਹ ਫੁੱਟਬਾਥ (ਤਸਵੀਰ ਵਿੱਚ ਦਿਖਾਈ ਗਿਆ ਹੈ) ਘਰ ਵਿੱਚ 1000 ਲੀਟਰ ਪੌਡ ਜਾਂ ਪਾਣੀ ਦਾ ਭੰਡਾਰਨ ਕਰਨ ਵਾਲੇ ਕੰਟੇਨਰ ਨੂੰ ਕੱਟ ਕੇ ਅਤੇ ਕਿਸੇ ਵੀ ਵਿਅਕਤੀ ਨੂੰ ਤਿਲਕਣ ਤੋਂ ਰੋਕਣ ਲਈ ਜਾਲੀ ਦੀ ਪਰਤ ਲਗਾਕੇ ਬਣਾਇਆ ਗਿਆ ਸੀ। ਕਿਨਾਰਿਆਂ ਨੂੰ ਪਾਈਪ ਵਿੱਚ ਢੱਕਿਆ ਹੋਇਆ ਹੈ ਤਾਂ ਕਿ ਕੋਈ ਤਿੱਖੇ ਕਿਨਾਰੇ ਨਾ ਹੋਣ।



1000 L ਦੇ ਕੰਟੇਨਰ ਤੋਂ ਬਣਾਇਆ ਗਿਆ ਫੁੱਟਬਾਥ

ਫੁੱਟਬਾਥ ਵਿੱਚ ਓਨੀ ਮਾਤਰਾ ਵਿੱਚ ਘੋਲ ਪਾਓ ਤਾਂ ਜੋ ਇਹ ਜੁੱਤੀਆਂ ਦੇ ਥੱਲੇ ਨੂੰ ਢੱਕ ਲਵੇ। ਫੁੱਟਬਾਥ ਲਈ ਘੋਲ, ਪਾਣੀ ਅਤੇ ਪਨਾਮਾ TR4 ਪ੍ਰਤੀ ਵਰਤੋਂ ਲਈ ਮਨਜ਼ੂਰ ਕੀਟਾਣੂਨਾਸ਼ਕ ਦਾ ਬਣਿਆ ਹੁੰਦਾ ਹੈ।

ਫੁੱਟਬਾਥ ਵਿੱਚੋਂ ਲੰਘਣ ਤੋਂ ਪਹਿਲਾਂ ਜੁੱਤੇ ਸਾਫ਼ ਹੋਣੇ ਚਾਹੀਦੇ ਹਨ। ਜੇਕਰ ਜੁੱਤੀਆਂ ਵਿੱਚ ਮਿੱਟੀ ਲੱਗੀ ਦਿਖਾਈ ਦਿੰਦੀ ਹੈ, ਤਾਂ ਯਕੀਨੀ ਬਣਾਓ ਕਿ ਫੁੱਟਬਾਥ ਵਿੱਚੋਂ ਲੰਘਣ ਤੋਂ ਪਹਿਲਾਂ ਉਨ੍ਹਾਂ ਨੂੰ ਧੋਣ ਲਈ ਇੱਕ ਹੋਜ਼ ਲੱਗੀ ਹੋਈ ਹੈ।

**ਹਮੇਸ਼ਾ ਆਸਟ੍ਰੇਲੀਅਨ ਪੈਸਟੀਸਾਈਡਜ਼ ਐਂਡ ਵੈਟਰਨਰੀ ਮੈਡੀਸਨ ਅਥਾਰਟੀ (APVMA) ਦੇ ਪਰਮਿਟ ਜਾਂ ਰਸਾਇਣ 'ਤੇ ਲੱਗੇ ਲੇਬਲ ਦੇ ਨਿਰਦੇਸ਼ਾਂ ਅਨੁਸਾਰ ਹੀ ਰਸਾਇਣਕ ਘੋਲ ਅਤੇ ਕੀਟਾਣੂਨਾਸ਼ਕ ਦੀ ਵਰਤੋਂ ਕਰੋ। ਇਸ ਉਤਪਾਦ ਦੀ ਵਰਤੋਂ ਉਤਪਾਦਾਂ ਦੇ ਪ੍ਰਵਾਨਿਤ ਲੇਬਲ ਜਾਂ ਲਾਗੂ APVMA ਪਰਮਿਟ ਦੇ ਅਨੁਸਾਰ ਹੋਣੀ ਲਾਜ਼ਮੀ ਹੈ।**

## ਸਿਰਫ ਸਾਫ਼-ਸੁਥਰੀ ਬੀਜਣ ਵਾਲੀ ਸਮੱਗਰੀ ਦੀ ਵਰਤੋਂ ਕਰੋ

ਪਨਾਮਾ TR4 ਬੀਜਣ ਲਈ ਵਰਤੀ ਗਈ ਪ੍ਰਭਾਵਿਤ ਸਮੱਗਰੀ ਦੁਆਰਾ ਵੀ ਫ਼ੈਲ ਸਕਦਾ ਹੈ। ਸਿਰਫ਼ ਗੁਣਵੱਤਾ ਲਈ ਮਨਜ਼ੂਰਸ਼ੁਦਾ ਕੇਲਾ ਨਰਸਰੀ (QBAN) ਜਾਂ ਤੁਹਾਡੀ ਆਪਣੀ ਬਿਮਾਰੀ-ਰਹਿਤ ਨਰਸਰੀ ਤੋਂ ਬੀਜਣ ਵਾਲੀ ਸਮੱਗਰੀ ਦੀ ਵਰਤੋਂ ਕਰੋ। ਕਦੇ ਵੀ ਦੂਜੇ ਉਤਪਾਦਕਾਂ ਜਾਂ ਦੂਜੇ ਕੇਲੇ ਦੇ ਖੇਤਾਂ ਤੋਂ ਕੇਲੇ ਉਗਾਉਣ ਲਈ ਤਣੇ ਜਾਂ ਬੂਟਿਆਂ (ਬਿੱਟ ਅਤੇ ਸਕਰ) ਦੀ ਵਰਤੋਂ ਨਾ ਕਰੋ।



ਸਿਰਫ਼ ਗੁਣਵੱਤਾ ਲਈ ਮਨਜ਼ੂਰਸ਼ੁਦਾ ਕੇਲਾ ਨਰਸਰੀ (QBAN) ਜਾਂ ਤੁਹਾਡੀ ਆਪਣੀ ਬਿਮਾਰੀ-ਰਹਿਤ ਨਰਸਰੀ ਤੋਂ ਬੀਜਣ ਵਾਲੀ ਸਮੱਗਰੀ ਦੀ ਵਰਤੋਂ ਕਰੋ।

## ਤਿੰਨ ਕਾਰਨ ਕਿ ਫਾਰਮ 'ਤੇ ਬਾਇਓਸਕਿਊਰਿਟੀ ਕਿਉਂ ਮਹੱਤਵਪੂਰਨ ਹੈ



ਫਾਰਮ 'ਤੇ ਬਾਇਓਸਕਿਊਰਿਟੀ ਤੁਹਾਡੇ ਪਰਿਵਾਰ ਦੀ ਸੁਰੱਖਿਆ ਕਰਦੀ

1. **ਪਨਾਮਾ TR4 ਤੋਂ ਆਪਣੇ ਫਾਰਮ ਅਤੇ ਪਰਿਵਾਰ ਦੇ ਭਵਿੱਖ ਦੀ ਸੁਰੱਖਿਆ ਕਰੋ।** ਜਿਹੜੇ ਲੋਕ ਤੁਹਾਡੀ ਅਤੇ ਤੁਹਾਡੇ ਕਾਰੋਬਾਰ ਦੀ ਪਰਵਾਹ ਕਰਦੇ ਹਨ ਉਹਨਾਂ ਨੂੰ ਤੁਹਾਡੇ ਨਿਯਮਾਂ ਦਾ ਆਦਰ ਕਰਨਾ ਚਾਹੀਦਾ ਹੈ।
2. **ਪਨਾਮਾ TR4 ਤੋਂ ਆਪਣੇ ਸਾਥੀ ਕੇਲਾ ਉਤਪਾਦਕਾਂ ਦੀ ਸੁਰੱਖਿਆ ਕਰੋ।** ਜੇਕਰ ਇਸ ਨੂੰ ਰੋਕਣ ਲਈ ਸਹੀ ਉਪਾਅ ਨਾ ਹੋਣ ਤਾਂ ਇਹ ਬਿਮਾਰੀ ਆਸਾਨੀ ਨਾਲ ਫ਼ੈਲ ਸਕਦੀ ਹੈ।
3. **ਪਨਾਮਾ TR4 ਵਿਰੁੱਧ ਭਾਈਚਾਰੇ ਦੀ ਲੜਾਈ ਦਾ ਹਿੱਸਾ ਬਣੋ।** ਜੇਕਰ ਹਰ ਕੋਈ ਆਪਣਾ ਯੋਗਦਾਨ ਪਾਉਂਦਾ ਹੈ, ਤਾਂ ਸਾਡੇ ਕੋਲ ਇਸ ਬਿਮਾਰੀ ਦੇ ਪ੍ਰਭਾਵ ਨੂੰ ਸੀਮਤ ਕਰਨ ਦੀ ਵਧੇਰੇ ਸੰਭਾਵਨਾ ਹੈ।

## ਆਪਣੇ ਫਾਰਮ 'ਤੇ ਬਾਇਓਸਕਿਊਰਿਟੀ ਸਥਾਪਤ ਕਰਨ ਵਿੱਚ ਮੱਦਦ ਪ੍ਰਾਪਤ ਕਰੋ

ਰਾਸ਼ਟਰੀ ਕੇਲਾ ਵਿਕਾਸ ਅਤੇ ਵਿਸਥਾਰ (National Banana Development and Extension) ਟੀਮ ਫਾਰਮ 'ਤੇ ਬਾਇਓਸਕਿਊਰਿਟੀ ਸਥਾਪਤ ਕਰਨ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ। ਇਸ ਟੀਮ ਨਾਲ 07 4220 4152 'ਤੇ ਸੰਪਰਕ ਕਰੋ ਜਾਂ betterbananas@daf.qld.gov.au 'ਤੇ ਈਮੇਲ ਕਰੋ।

## ਪਨਾਮਾ TR4 ਬਾਰੇ ਹੋਰ ਜਾਣਨਾ ਚਾਹੁੰਦੇ ਹੋ?

ਪਨਾਮਾ TR4 ਉਤਪਾਦਕ ਕਿੱਟ (Panama TR4 Grower Kit) ਦੀ ਕਾਪੀ ਲੈਣ ਲਈ TR4 ਕੰਟਰੋਲ ਪ੍ਰੋਗਰਾਮ ਨੂੰ 07 3278 4786 'ਤੇ ਫ਼ੋਨ ਕਰੋ ਜਾਂ info@abgc.org.au 'ਤੇ ਈਮੇਲ ਕਰੋ। ਡਿਜ਼ੀਟਲ ਕਾਪੀ ਲਈ 'ਪਨਾਮਾ TR4 ਗਰੋਵਰ ਕਿੱਟ' ਲਿਖਕੇ ਔਨਲਾਈਨ ਖੋਜੋ। www.panamatr4protect.com.au 'ਤੇ ਪਨਾਮਾ TR4 ਬਾਰੇ ਅਤੇ ਫਾਰਮ 'ਤੇ ਬਾਇਓਸਕਿਊਰਿਟੀ ਬਾਰੇ ਬਹੁਤ ਸਾਰੀ ਜਾਣਕਾਰੀ ਲੱਭੀ ਜਾ ਸਕਦੀ ਹੈ।

## ਫਾਰਮ 'ਤੇ ਬਾਇਓਸਕਿਊਰਿਟੀ ਲਈ ਸ਼ੁਰੂਆਤ ਕਰਨ ਵਾਲਿਆਂ ਲਈ ਚੈੱਕਲਿਸਟ

- ✓ **ਉਨ੍ਹਾਂ ਲੋਕਾਂ ਨੂੰ ਆਪਣੇ ਫਾਰਮ 'ਤੇ ਆਉਣ ਤੋਂ ਰੋਕੋ ਜਿਨ੍ਹਾਂ ਨੂੰ ਆਉਣ ਦੀ ਲੋੜ ਨਹੀਂ ਹੈ**
  - ਆਪਣੇ ਡਰਾਈਵ-ਵੇਅ ਦੇ ਪ੍ਰਵੇਸ਼ ਦੁਆਰ 'ਤੇ ਗੇਟ ਜਾਂ ਬੈਰੀਅਰ ਲਗਾਓ
  - ਇੱਕ ਨਿਸ਼ਾਨ ਲਗਾਓ ਤਾਂ ਜੋ ਲੋਕ ਜਾਣ ਸਕਣ ਕਿ ਉਹ ਬਗ਼ੈਰ ਆਗਿਆ ਦੇ ਅੰਦਰ ਦਾਖਲ ਨਹੀਂ ਹੋ ਸਕਦੇ ਹਨ
  - ਆਪਣੇ ਫਾਰਮ ਦੇ ਅਗਲੇ ਪ੍ਰਵੇਸ਼ ਦੁਆਰ 'ਤੇ ਆਉਣ ਵਾਲੇ ਲੋਕਾਂ ਦੇ ਵਾਹਨ ਪਾਰਕ ਕਰਨ ਲਈ ਥਾਂ ਸਾਫ਼ ਕਰੋ।
- ✓ **ਕਾਮਿਆਂ ਅਤੇ ਆਉਣ ਵਾਲੇ ਲੋਕਾਂ ਵੱਲੋਂ ਪਾਲਣਾ ਕੀਤੇ ਜਾਣ ਲਈ ਫਾਰਮ ਨਿਯਮ ਤੈਅ ਕਰੋ**
  - ਆਉਣ ਵਾਲਿਆਂ ਨੂੰ ਅਗਾਊਂ ਫ਼ੋਨ ਕਰਨ ਲਈ ਕਹੋ
  - ਸਾਈਨ-ਇਨ ਕਰਨ ਲਈ ਰਜਿਸਟਰ ਰੱਖੋ
  - ਆਉਣ ਵਾਲੇ ਲੋਕਾਂ ਨੂੰ ਕੇਲੇ ਦੇ ਪੌਦਿਆਂ ਤੋਂ ਦੂਰ ਮੁੱਖ ਸੜਕ ਜਾਂ ਡਰਾਈਵ-ਵੇਅ 'ਤੇ ਹੀ ਰਹਿਣ ਲਈ ਕਹੋ।
  - ਸਾਰੇ ਆਉਣ ਵਾਲੇ ਲੋਕ ਅਤੇ ਉਨ੍ਹਾਂ ਦੇ ਵਾਹਨਾਂ ਨੂੰ ਸਾਫ਼-ਸੁਥਰਾ ਆਉਣਾ ਅਤੇ ਸਾਫ਼-ਸੁਥਰਾ ਹੀ ਵਾਪਸ ਜਾਣਾ ਚਾਹੀਦਾ ਹੈ।
  - ਸਾਰੀ ਖੇਤੀ ਮਸ਼ੀਨਰੀ ਅਤੇ ਵਾਹਨਾਂ ਨੂੰ ਪਹਿਲਾਂ ਧੋਤੇ ਅਤੇ ਰੋਗਾਣੂ-ਮੁਕਤ ਕੀਤੇ ਬਗ਼ੈਰ ਕਦੇ ਵੀ ਤੁਹਾਡੇ ਫਾਰਮ ਵਿੱਚ ਦਾਖਲ ਜਾਂ ਬਾਹਰ ਨਹੀਂ ਜਾਣਾ ਚਾਹੀਦਾ ਹੈ।
- ✓ **ਸਾਫ਼ ਆਓ, ਸਾਫ਼ ਜਾਓ**
  - ਫਾਰਮ ਵਾਹਨ ਅਤੇ ਮਸ਼ੀਨਰੀ ਨੂੰ ਧੋਣ ਲਈ ਵਾਸ਼ਡਾਊਨ
  - ਆਉਣ ਵਾਲੇ ਵਾਹਨਾਂ ਲਈ ਸਪਰੇਅ ਸ਼ਟਲ
  - ਜੁੱਤੀਆਂ ਲਈ ਫੁੱਟਬਾਥ
- ✓ **ਸਿਰਫ਼ ਸਾਫ਼-ਸੁਥਰੀ ਬੀਜਣ ਵਾਲੀ ਸਮੱਗਰੀ ਦੀ ਹੀ ਵਰਤੋਂ ਕਰੋ**